ਮਿੱਠੇ ਬੱਚੇ:- "ਮਿੱਠੇ ਲਾਡਲੇ ਬੱਚੇ :- ਬਾਪ ਆਏ ਹਨ ਤੁਹਾਡੇ ਲਈ ਸਵਰਗ ਦੀ ਨਵੀਂ ਦੁਨੀਆ ਸਥਾਪਨ ਕਰਨ, ਇਸਲਈ ਇਸ ਨਰਕ ਨਾਲ ਦਿਲ ਨਾ ਲਗਾਓ, ਇਸ ਨੂੰ ਭੁੱਲਦੇ ਜਾਵੋ"

ਪ੍ਰਸ਼ਨ:- ਰਹਿਮਦਿਲ ਬਾਪ ਤੁਸੀਂ ਬੱਚਿਆਂ ਤੇ ਕਿਸ ਰੂਪ ਨਾਲ ਕਿਹੜਾ ਰਹਿਮ ਕਰਦੇ ਹਨ।

ਉੱਤਰ:- ਬਾਬਾ ਕਹਿੰਦੇ ਹਨ - ਮੈਂ ਬਾਪ ਰੂਪ ਨਾਲ ਮਿੱਠੀ ਸਕ੍ਰੀਨ ਬਣ ਤੁਸੀਂ ਬੱਚਿਆਂ ਨੂੰ ਇਨਾਂ ਪਿਆਰ ਦਿੰਦਾ ਹਾਂ ਜੋ ਦੁਨੀਆ ਵਿਚ ਦੂਸਰਾ ਕੋਈ ਵੀ ਦੇ ਨਹੀਂ ਸਕਦਾ। ਮੈਂ ਤੁਹਾਨੂੰ ਪਵਿਤ੍ਰ ਪਿਆਰ ਦੀ ਦੁਨੀਆ ਦਾ ਮਾਲਿਕ ਬਣਾ ਦਿੰਦਾ ਹਾਂ। ਟੀਚਰ ਬਣ ਤੁਹਾਨੂੰ ਅਜਿਹੀ ਪੜਾਈ ਪੜਾਉਂਦਾ ਹਾਂ ਜੋ ਤੁਸੀਂ ਬਹਿਸ਼ਤ ਦੀ ਬੀਬੀ ਬਣ ਜਾਂਦੇ ਹੋ। ਇਹ ਪੜਾਈ ਹੈ ਮਨੁੱਖ ਤੋਂ ਦੇਵਤਾ ਬਣਨ ਦੀ। ਇਹ ਗਿਆਨ ਰਤਨ ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾ ਦਿੰਦੇ ਹਨ।

ਗੀਤ:- ਕੌਣ ਹੈ ਮਾਤਾ, ਕੌਣ ਹੈ ਪਿਤਾ...

ਓਮ ਸ਼ਾਂਤੀ। ਬੱਚਿਆਂ ਨੂੰ ਓਮ ਸ਼ਾਂਤੀ ਦਾ ਅਰਥ ਸਮਝਾਇਆ ਜਾਂਦਾ ਹੈ। ਓਮ ਦਾ ਅਰਥ ਹੈ - ਆਈ ਐਮ ਆਤਮਾ, ਮੈਂ ਆਤਮਾ ਨਿਰਾਕਾਰ ਪਰਮਾਤਮਾ ਦੀ ਸੰਤਾਨ ਹਾਂ। ਸ਼ਰੀਰ ਦਾ ਫਾਦਰ ਉਹ ਹੈ। ਜਿਸਨੇ ਜਨਮ ਦਿੱਤਾ ਹੈ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਸ਼ਰੀਰ ਨੂੰ ਜਨਮ ਦੇਣ ਵਾਲਾ ਫਾਦਰ ਅਤੇ ਸ਼ਿਵਬਾਬਾ ਹੈ ਆਤਮਾਵਾਂ ਦਾ ਬਾਪ। ਉਹ ਤਾਂ ਹਨ ਹੀ ਢੇਰ ਦੇ ਢੇਰ ਕਰੋੜਾਂ ਆਤਮਾਵਾਂ ਆਪਣੀ ਨਿਰਾਕਾਰੀ ਦੁਨੀਆ ਵਿਚ ਰਹਿੰਦੀਆਂ ਹਨ। ਉੱਥੇ ਸਦਾ ਨਿਰਵਿਕਾਰੀ ਹੀ ਹਨ, ਵਿਕਾਰੀ ਤਾਂ ਪਰਮਧਾਮ ਵਿੱਚ ਰਹਿ ਨਹੀਂ ਸਕਦੇ। ਪਹਿਲਾਂ ਤਾਂ ਇਹ ਗੱਲ ਪੱਕੀ ਕਰਨੀ ਪਵੇਗੀ। ਮੈਂ ਆਤਮਾ ਮੇਰਾ ਬਾਪ ਪਰਮਾਤਮਾ। ਆਤਮਾ ਦੇ ਸੰਬੰਧੀ ਸਭ ਭਾਈ - ਭਾਈ ਹਨ। ਇਸ ਸ਼ਰੀਰ ਦੇ ਬਾਪ ਨੂੰ ਕਿਹਾ ਜਾਂਦਾ ਹੈ ਲੌਕਿਕ ਬਾਪ। ਆਤਮਾ ਦੇ ਬਾਪ ਨੂੰ ਕਿਹਾ ਜਾਂਦਾ ਹੈ ਪਾਰਲੌਕਿਕ ਬਾਪ। ਜੋ ਸਭ ਦਾ ਇੱਕ ਹੀ ਹੈ। ਪੁਕਾਰਦੇ ਵੀ ਹਨ -" ਓ ਗੌਡ ਫਾਦਰ, ਓ ਪਤਿਤ ਪਾਵਨ, ਰਹਿਮਦਿਲ। " ਇਹ ਆਤਮਾ ਨੇ ਪੁਕਾਰਿਆ ਬਾਪ ਨੂੰ। ਆਤਮਾ ਇਸ ਸ਼ਰੀਰ ਦੇ ਨਾਲ ਦੁਖੀ ਹੈ। ਫਿਰ ਸਤਿਯੁਗ ਵਿੱਚ ਆਤਮਾ ਨੂੰ ਸ਼ਰੀਰ ਦੇ ਨਾਲ ਸੁਖ ਹੈ, ਇਸਲਈ ਉਸ ਦਾ ਨਾਮ ਹੀ ਹੈ ਸੁਖਧਾਮ, ਸਵਰਗ। ਇਹ ਹੈ ਨਰਕ। ਗਾਇਆ ਵੀ ਜਾਂਦਾ ਹੈ ਨਾ ਦੁੱਖ ਵਿੱਚ ਸਿਮਰਨ ਸਭ ਕਰਨ... ਯਾਦ ਕਰਦੇ ਹਨ ਪਤਿਤ ਪਾਵਨ ਨੂੰ। ਸਮਝਦੇ ਹਨ - ਪਤਿਤ ਪਾਵਨ ਬਾਪ ਉਪਰ ਪਰਮਧਾਮ ਵਿੱਚ ਰਹਿੰਦਾ ਹੈ। ਗੰਗਾ ਨੂੰ ਪਤਿਤ - ਪਾਵਨੀ ਨਹੀਂ ਕਹਾਂਗੇ। ਗੰਗਾ ਨੂੰ ਇਨ੍ਹਾਂ ਅੱਖਾਂ ਨਾਲ ਵੇਖਿਆ ਜਾਂਦਾ ਹੈ। ਨਿਰਾਕਾਰ ਬਾਪ ਨੂੰ ਅਤੇ ਆਤਮਾ ਨੂੰ ਨਹੀਂ ਦੇਖਿਆ ਜਾ ਸਕਦਾ। ਪਰਮਪਿਤਾ ਪਰਮਾਤਮਾ ਪ੍ਰਾਣ ਦਾਤਾ, ਜੋ ਦਿਵਿਯ ਚਕਸ਼ੂ ਵਿਧਾਤਾ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਓ ਗੌਡ ਫਾਦਰ, ਕ੍ਰੀਏਟਰ। ਅੱਛਾ ਫਿਰ ਮਦਰ ਕਿੱਥੋਂ ਆਈ? ਮਦਰ ਬਿਨਾਂ ਬਾਪ ਸ੍ਰਿਸ਼ਟੀ ਦੀ ਰਚਨਾ ਕਿਵੇਂ ਰਚਣ? ਮਦਰ ਤਾਂ ਜਰੂਰ ਚਾਹੀਦੀ ਹੈ ਨਾ। ਗੌਡ ਫਾਦਰ ਮਨੁੱਖ ਸ੍ਰਿਸ਼ਟੀ ਦਾ ਰਚਿਯਤਾ, ਉਹ ਹੈ ਸਭ ਦਾ ਬਾਪ। ਫਾਦਰ ਹੈ ਤਾਂ ਮਦਰ ਵੀ ਜਰੂਰ ਹੋਵੇਗੀ। ਬਾਪ ਆਕੇ ਸਮਝਾਉਂਦੇ ਹਨ ਮੈਂ ਹਾਂ ਹੀ ਨਿਰਾਕਾਰ। ਮੈਂ ਜਦੋਂ ਆਵਾਂ, ਸ਼ਾਦੀ ਕਰਾਂ ਤਾਂ ਬੱਚੇ ਹੋਣਗੇ। ਪ੍ਰੰਤੂ ਸ਼ਾਦੀ ਤਾਂ ਕਰਨੀ ਨਹੀਂ ਹੈ। ਬੱਚੇ ਪੈਦਾ ਕਰਨੇ ਹਨ - ਸ਼ਾਦੀ ਬਿਨਾਂ। ਬੱਚਿਆਂ ਨੂੰ ਮੈਂ ਅਡੋਪਟ ਕਰਦਾ ਹਾਂ। ਸਮਝੋ ਕਿਸੇ ਦੀ ਇਸਤਰੀ ਨਹੀਂ ਹੈ, ਚਾਉਂਦੇ ਹਨ ਕਿ ਆਪਣੀ ਮਲਕੀਅਤ ਕਿਸੇ ਨੂੰ ਦੇਕੇ ਜਾਵਾਂ, ਫਿਰ ਧਰਮ ਦੇ ਬੱਚੇ ਬਣਾਉਂਦੇ ਹਨ, ਅਡੋਪਟ ਕਰਦੇ ਹਨ ਤਾਂ ਮਾਂ - ਬਾਪ ਦੋਵੇਂ ਠਹਿਰੇ ਨਾ। ਤਾਂ ਬੇਹੱਦ ਦਾ ਬਾਪ ਕਹਿੰਦੇ ਹਨ ਕਿ ਮੈਂ ਵੀ ਫਾਦਰ ਹਾਂ। ਮੈਂ ਕਿਵੇਂ ਰਚਾਂ? ਸਮਝ ਦੀ ਗੱਲ ਹੈ ਨਾ। ਬਾਪ ਖੁਦ ਆਕੇ ਸਮਝਾਉਂਦੇ ਹਨ ਮੈਨੂੰ ਸ਼ਰੀਰ ਤਾਂ ਚਾਹੀਦਾ ਹੈ ਨਾ। ਤਾਂ ਇਨ੍ਹਾਂ ਦਾ ਆਧਾਰ ਲੈਂਦਾ ਹਾਂ। ਤੁਸੀਂ ਕਹਿੰਦੇ ਹੋ ਅਸੀ ਈਸ਼ਵਰ ਦੀ ਸੰਤਾਨ ਹਾਂ। ਈਸ਼ਵਰ ਦੀ ਸੰਤਾਨ ਤੇ ਸਾਰੇ ਹਨ, ਪ੍ਰੰਤੂ ਇਸ ਵੇਲੇ ਬਾਪ ਸਾਮ੍ਹਣੇ ਆਇਆ ਹੋਇਆ ਹੈ। ਤੁਸੀਂ ਬੱਚਿਆਂ ਨੂੰ ਗੋਦ ਵਿਚ ਲੈਂਦੇ ਹਨ। ਤੁਸੀਂ ਸਮਝਦੇ ਹੋ ਅਸੀਂ ਬਾਬਾ ਦੇ ਬੱਚੇ ਬਣੇ ਹਾਂ। ਬਾਪ ਹੈ ਸਵਰਗ ਦਾ ਰਚਿਯਤਾ। ਸਵਰਗ ਦਾ ਮਾਲਿਕ ਬਨਾਉਣ ਦੇ ਲਈ ਰਾਜਯੋਗ ਸਿਖਾਉਂਦੇ ਹਨ। ਖੁਦ ਬੈਠ ਦੱਸਦੇ ਹਨ - ਮੈਂ ਨਿਰਾਕਾਰ ਗੋਡ ਫ਼ਾਦਰ ਹਾਂ। ਨਿਰਾਕਾਰ ਨੂੰ ਮਨੁੱਖ ਸ੍ਰਿਸ਼ਟੀ ਦਾ ਰਚਿਯਤਾ ਕਿਵੇਂ ਕਹਿ ਸਕਦੇ? ਤਾਂ ਬੱਚਿਆਂ ਨੂੰ ਅਡੋਪਟ ਕਰ ਉਹਨਾਂ ਨੂੰ ਹੀ ਬੈਠ ਸਮਝਾਉਂਦੇ ਹਨ ਕਿ ਮੈਂ ਸ਼ਿਵ ਨਿਰਾਕਾਰ ਹਾਂ। ਤੁਸੀਂ ਵੀ ਨਿਰਾਕਾਰ ਆਤਮਾਵਾਂ ਹੋ। ਤੁਸੀਂ ਗਰਭ ਜੇਲ੍ਹ ਵਿੱਚ ਆਉਂਦੇ ਹੋ, ਮੈਂ ਗਰਭ ਜੇਲ੍ਹ ਵਿੱਚ ਨਹੀਂ ਆਉਂਦਾ ਹਾਂ। ਤੁਹਾਡੇ ਲਈ ਹੈ ਅੱਧਾ ਕਲਪ ਗਰਭ ਮਹਿਲ, ਅੱਧਾ ਕਲਪ ਹੈ ਗਰਭ ਜੇਲ੍ਹ ਕਿਉਂਕਿ ਅਧਾਕਲਪ ਮਾਇਆ ਰਾਵਣ ਪਾਪ ਕਰਾਉਂਦੀ ਹੈ। ਸਤਿਯੁਗ ਵਿੱਚ ਮਾਇਆ ਹੁੰਦੀ ਨਹੀਂ ਜੋ ਪਤਿਤ ਦੁੱਖੀ ਬਣਾਏ। ਮੈਂ 21 ਜਨਮਾਂ ਦੇ ਲਈ ਤੁਹਾਨੂੰ ਸਵਰਗ ਦਾ ਵਰਸਾ ਦਿੰਦਾ ਹਾਂ। ਨਵੀਂ ਦੁਨੀਆਂ ਸਵਰਗ ਨੂੰ ਕਿਹਾ ਜਾਂਦਾ ਹੈ। ਮਕਾਨ ਵੀ ਪੁਰਾਣਾ ਹੁੰਦਾ ਹੈ ਤਾਂ ਪੁਰਾਣੇ ਨੂੰ ਛੱਡ ਨਵੇਂ ਵਿੱਚ ਜਾਂਦੇ ਹਨ। ਇਹ ਪੁਰਾਣੀ ਦੁਨੀਆਂ ਹੈ ਨਾ। ਉਹ ਹੈ ਨਵੀਂ ਦੁਨੀਆਂ ਗੋਲਡਨ ਏਜ, ਪਾਵਨ ਦੁਨੀਆਂ। ਤਾਂ ਬਾਪ ਕਹਿੰਦੇ ਹਨ - ਲਾਡਲੇ ਬੱਚੇ, ਮੈਂ ਤੁਹਾਡੇ ਲਈ ਸਵਰਗ ਸਥਾਪਨ ਕਰ ਰਿਹਾ ਹਾਂ, ਤੁਸੀਂ ਫਿਰ ਨਰਕ ਨਾਲ ਦਿਲ ਕਿਉਂ ਲਗਾਉਂਦੇ ਹੋ? ਹੁਣ ਨਰਕ ਨੂੰ ਭੁੱਲ ਜਾਓ। ਮੁਝ ਬਾਪ ਅਤੇ ਸਵਰਗ ਨੂੰ ਯਾਦ ਕਰੋ, ਪੁਰਾਣੀ ਦੁਨੀਆਂ ਨੂੰ ਭੁੱਲਦੇ ਜਾਓ। ਇਹ ਹੈ ਬੇਹੱਦ ਦਾ ਸੰਨਿਆਸ। ਪੁਰਾਣੀ ਦੇਹ ਸਹਿਤ ਜੋ ਕੁਝ ਵੀ ਦੇਖਦੇ ਹੋ, ਉਹਨਾਂ ਦਾ ਵੀ ਮਮਤਵ ਛੱਡ ਦਵੋ। ਸਮਝੋ, ਅਸੀਂ ਸਭ ਕੁਝ ਈਸ਼ਵਰ ਨੂੰ ਦਿੰਦੇ ਹਾਂ। ਇਹ ਸ਼ਰੀਰ, ਧਨ, ਦੌਲਤ, ਬੱਚੇ ਆਦਿ ਸਭ ਖ਼ਤਮ ਹੋ ਜਾਣ ਵਾਲੇ ਹਨ। ਇਹ ਉਹ ਹੀ ਮਹਾਭਾਰੀ ਮਹਾਭਾਰਤ ਲੜਾਈ ਹੈ, ਜਿਸਦੇ ਦਵਾਰਾ ਮੁਕਤੀ - ਜੀਵਨਮੁਕਤੀ ਦੇ ਗੇਟਸ ਖੁਲ੍ਹਦੇ ਹਨ। ਹਰੀ ਦਾ ਦਵਾਰ ਕਹਿੰਦੇ ਹਨ ਨਾ। ਹਰੀ ਕਿਹਾ ਜਾਂਦਾ ਹੈ ਸ਼੍ਰੀਕ੍ਰਿਸ਼ਨ ਨੂੰ, ਉਨ੍ਹਾਂ ਦਾ ਦਵਾਰ ਹੈ ਬੈਕੁੰਠ। ਬੈਕੁੰਠ ਦੇ ਗੇਟ ਬਾਪ ਆਕੇ ਖੋਲਦੇ

ਹਨ। ਉੱਥੇ ਕੋਈ ਪਤਿਤ ਜਾ ਨਹੀਂ ਸਕਦਾ ਇਸਲਈ ਪਤਿਤ ਤੋਂ ਪਾਵਨ ਬਣਾਉਂਦੇ ਹਨ, ਦੁੱਖਾਂ ਤੋਂ ਲਿਬ੍ਰੇਟ ਕਰਦੇ ਹਨ। ਹੋਰ ਕੋਈ ਲਿਬ੍ਰੇਟ ਕਰ ਨਾ ਸਕੇ। ਦੁੱਖ ਹਰਤਾ ਸੁਖ ਕਰਤਾ ਬਾਪ ਹੀ ਹਨ। ਬਾਪ ਕਹਿੰਦੇ ਹਨ - ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਸਦਾ ਦੇ ਲਈ ਸੁਖ ਦੇਣ ਆਇਆ ਹਾਂ। ਮੈਂ ਤੁਹਾਡੇ ਲਈ ਬੈਕੁੰਠ ਹਥੇਲੀ ਤੇ ਲਿਆਇਆ ਹਾਂ। ਤੁਸੀਂ ਰਾਜਯੋਗ ਸਿਖਕੇ ਮਨੁੱਖ ਤੋਂ ਦੇਵਤਾ ਬਣਦੇ ਹੋ। ਬੁੱਧੀ ਵੀ ਕਹਿੰਦੀ ਹੈ ਕਿ ਬੋਰਬਰ ਸਮਝ ਦੀਆਂ ਗੱਲਾਂ ਹਨ। ਸਮਝੋ, ਇਹ ਪੁਰਾਣੀ ਦੁਨੀਆ ਹੈ ਫਿਰ ਇਹ ਨਵੀਂ ਬਣੇਗੀ। ਸਰਵਸ਼ਕਤੀਮਾਨ ਇੱਕ ਹੀ ਬਾਪ ਹੈ ਜੋ ਆਪਣੀ ਸ਼ਕਤੀ ਨਾਲ ਸਵਰਗ ਦਾ ਮਾਲਿਕ ਬਣਾਉਂਦੇ ਹਨ। ਚਾਹੁੰਦੇ ਵੀ ਹਨ ਇੱਕ ਰਾਜ ਹੋਵੇ, ਆਲਮਾਈਟੀ ਅਥਾਰਿਟੀ ਰਾਜ ਹੋਵੇ। ਸੋ ਤਾਂ ਸਤਿਯੁਗ - ਤ੍ਰੇਤਾ ਵਿੱਚ ਅਟਲ, ਅਖੰਡ, ਸੁਖ - ਸ਼ਾਂਤੀਮਯ ਦੇਵੀ - ਦੇਵਤਾਵਾਂ ਦੀ ਰਾਜਧਾਨੀ ਸੀ, ਕੋਈ ਵਿਘਣ ਨਹੀਂ ਸੀ। ਉਹਨਾਂ ਨੂੰ ਅਦਵੈਤ ਰਾਜ ਕਿਹਾ ਜਾਂਦਾ ਹੈ। ਦੂਸਰਾ ਧਰਮ ਹੀ ਨਹੀਂ, ਜੋ ਦੁੱਖੀ ਬਣਨ। ਹੁਣ ਦੇਖੋ ਭਾਵੇਂ ਕ੍ਰਿਸ਼ਚਨ ਇੱਕ ਹੀ ਧਰਮ ਦੇ ਹਨ ਤਾਂ ਵੀ ਉਹਨਾਂ ਦੀ ਆਪਸ ਵਿੱਚ ਬਹੁਤ ਲੜਾਈ ਹੁੰਦੀ ਹੈ ਕਿਉਂਕਿ ਮਾਇਆ ਦਾ ਰਾਜ ਹੈ। ਸਤਿਯੁਗ ਵਿੱਚ ਮਾਇਆ ਹੁੰਦੀ ਨਹੀਂ। ਹੁਣ ਕਹਿੰਦੇ ਹਨ - ਓ ਗੋਡ ਫਾਦਰ ਰਹਿਮ ਕਰੋ। ਬਾਪ ਕਹਿੰਦੇ ਹਨ - ਰਹਿਮ ਤਾਂ ਸਭ ਤੇ ਕਰਾਂਗਾ। ਸਭ ਬੱਚਿਆਂ ਨੂੰ ਪਾਪਾਂ ਤੋਂ ਮੁਕਤ ਕਰਦਾ ਹਾਂ ਮਤਲਬ ਪਤਿਤ ਦੁਨੀਆਂ ਤੋਂ ਲਿਬ੍ਰੇਟ ਕਰਦਾ ਹਾਂ। ਤੁਸੀਂ ਸਭ ਆਤਮਾਵਾਂ ਨੂੰ ਲੈ ਜਾਂਦਾ ਹਾਂ ਨਿਰਾਕਾਰੀ ਦੁਨੀਆਂ ਵਿੱਚ। ਤਾਂ ਬਾਕੀ ਸ਼ਰੀਰ ਤਾਂ ਭਸਮ ਹੋ ਜਾਣਗੇ। ਨੇਚਰੁਲ ਕੈਲਮਿਟਿਜ ਗਾਈ ਹੋਈ ਹੈ। ਆਸਾਰ ਵੀ ਦੇਖ ਰਹੇ ਹੋ। ਫੈਮਨ ਪੈਣਾ ਜਰੂਰ ਹੈ।

ਹੁਣ ਬਾਪ ਕਹਿੰਦੇ ਹਨ ਇਸ ਛੀ - ਛੀ ਦੁਨੀਆਂ ਤੋਂ ਮਮਤਵ ਤੋੜੋ। ਬੇਹੱਦ ਦਾ ਬਾਪ ਹੈ ਸੈਕਰੀਂਨ। ਕਹਿੰਦੇ ਹਨ ਮੈਂ ਜੋ ਹਾਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ, ਸੋ ਕੋਈ ਕਰ ਨਾ ਸਕੇ। ਹੁਣ ਤੁਹਾਨੂੰ ਪਵਿੱਤਰ ਦੁਨੀਆਂ ਦਾ ਮਾਲਿਕ ਬਣਾਉਂਦਾ ਹਾਂ। ਰਾਜਾਈ ਦੇ ਲਈ ਤੁਸੀਂ ਪੜ੍ਹ ਰਹੇ ਹੋ। ਏਮ ਆਬਜੇਕ੍ਰ ਬੁੱਧੀ ਵਿੱਚ ਹੈ। ਨਵਾਂ ਤਾਂ ਕੋਈ ਸਮਝ ਨਾ ਸਕੇ, ਜਦੋਂ ਤੱਕ ਕਿ ਕੋਈ ਬੈਠ ਉਹਨਾਂ ਨੂੰ ਨਾ ਸਮਝਾਵੇ। ਇੱਕ ਹਫ਼ਤਾ ਬੈਠ ਸਮਝਾਵੇ ਕਿ ਮਨੁੱਖ ਤੋਂ ਦੇਵਤਾ ਬਣਨਾ ਹੈ ਇਸਲਈ ਬਾਪ ਨੂੰ ਜਾਦੂਗਰ ਕਿਹਾ ਜਾਂਦਾ ਹੈ। ਗਿਆਨ ਰਤਨਾ ਨਾਲ ਮਨੁੱਖ ਤੋਂ ਦੇਵਤਾ ਬਣਾਉਂਦਾ ਹਾਂ। ਉਹਨਾਂ ਨੂੰ ਰਤਨਾਗਰ, ਸੌਦਾਗਰ, ਮੁਸਾਫ਼ਿਰ ਵੀ ਕਹਿੰਦੇ ਹਨ। ਤੁਹਾਨੂੰ ਆਕੇ ਸਵਰਗ ਦਾ ਮਹਾਰਾਜਾ ਮਹਾਰਾਣੀ ਬਣਾਉਂਦੇ ਹਨ। ਮੁਸਾਫ਼ਿਰ ਕਿੰਨਾ ਹਸੀਨ ਹੈ। ਤੁਸੀਂ ਜੋ ਕੋਈ ਕੰਮ ਦੇ ਨਹੀਂ ਸੀ, ਹੁਣ ਤੁਹਾਨੂੰ ਪੜ੍ਹਾਕੇ ਬਹਿਸ਼ਤ ਦੀ ਬੀਬੀ ਬਣਾਉਂਦਾ ਹਾਂ। ਤੁਸੀਂ ਜਾਣਦੇ ਹੋ ਅਸੀਂ ਸੂਰਜਵੰਸ਼ੀ - ਚੰਦਰਵੰਸ਼ੀ ਬਣਨ ਦੇ ਲਈ ਪੜ੍ਹ ਰਹੇ ਹਾਂ। ਪਰਮਾਤਮਾ ਪੜ੍ਹਾਉਂਦੇ ਹਨ। ਤੁਸੀਂ ਇੱਥੇ ਕੀ ਪੜ੍ਹਦੇ ਹੋ? ਤੁਸੀਂ ਕਹੋਗੇ ਮਨੁੱਖ ਤੋਂ ਦੇਵਤਾ ਬਣਨ ਦੇ ਲਈ ਪੜ੍ਹ ਰਹੇ ਹਾਂ ਕਿਉਂਕਿ ਇਹ ਆਸੁਰੀ ਗੁਣਾਂ ਵਾਲੀ ਮਨੁੱਖ ਸ੍ਰਿਸਟੀ ਵਿਨਾਸ਼ ਹੋਣ ਵਾਲੀ ਹੈ। ਕਹਿੰਦੇ ਵੀ ਹਨ ਮੁਝ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਾਹੀਂ। ਤਾਂ ਉਹ ਰਹਿਮਦਿਲ ਬਾਪ ਬੈਠਕੇ ਤੁਹਾਨੂੰ ਪੜ੍ਹਾਉਂਦੇ ਹਨ। ਸਭ ਧਰਮਾਂ ਵਾਲੇ ਇੱਕ ਨਿਰਾਕਾਰ ਬਾਪ ਨੂੰ ਹੀ ਪਰਮਾਤਮਾ ਮੰਨਣਗੇ। ਮਨੁੱਖ ਭਾਵੇਂ ਗੋਡ ਫਾਦਰ ਕਹਿੰਦੇ ਹਨ ਪਰ ਜਾਣਦੇ ਨਹੀਂ ਹਨ ਕਿ ਉਹ ਕੌਣ ਹਨ, ਕਿਥੋਂ ਤੋ ਆਉਂਦੇ ਹਨ? ਹੁਣ ਤੁਸੀਂ ਜਾਣਦੇ ਹੋ ਉਹ ਪੁਰਾਣੀ ਦੁਨੀਆਂ ਨੂੰ ਨਵੀਂ ਦੁਨੀਆਂ ਬਣਾਉਂਦੇ ਹਨ। ਨਵੀਂ ਦੁਨੀਆਂ ਵਿੱਚ ਤਾਂ ਸੁਖ ਹੀ ਸੁਖ਼ ਹੈ। ਬਾਬਾ ਕਹਿੰਦੇ ਹਨ ਨਵੀਂ ਦੁਨੀਆਂ ਸਥਾਪਨ ਕਰਨ ਕਲਪ - ਕਲਪ ਮੈਨੂੰ ਆਉਣਾ ਹੀ ਹੈ। ਇਹ ਤਾਂ ਬੁੱਧੀ ਸਮਝਦੀ ਹੈ ਕਿ ਰਾਤ ਦੇ ਬਾਅਦ ਹੈ ਦਿਨ। ਫਿਰ ਚੱਕਰ ਵਿੱਚ ਕਲਿਯੁਗ ਆਉਂਦਾ ਹੈ। ਕਲਿਯੁਗ ਦੇ ਬਾਅਦ ਵੀਰ ਸਤਿਯੁਗ ਜਰੂਰ ਹੋਵੇਗਾ ਨਾ। ਤੁਹਾਨੂੰ ਬੱਚਿਆਂ ਨੂੰ ਕਿਹਾ ਹੀ ਜਾਂਦਾ ਹੈ। ਸਵਦਰਸ਼ਨ ਚਕ੍ਰਧਾਰੀ। ਆਤਮਾ ਜਾਣਦੀ ਹੈ ਮੈਂ ਕਿਵੇਂ ਲੈਂਦੀ ਹੈ। ਕੋਈ ਮਨੁੱਖ, ਮਨੁੱਖ ਨੂੰ ਸਦਗਤੀ ਦੇ ਨਾ ਸਕੇ। ਮੈਂ ਹੀ ਆਕੇ ਸਮਝਾਉਂਦਾ ਹਾਂ। ਅਸੀਂ ਤੁਹਾਨੂੰ ਪਾਵਨ ਬਣਾਉਂਦੇ ਹਾਂ, ਯੋਗਬਲ ਨਾਲ ਤੁਸੀਂ ਵਿਸ਼ਵ ਤੇ ਜਿੱਤ ਪਾਉਂਦੇ ਹੋ। ਬਾਪ ਹੈ ਸਰਵਸ਼ਕਤੀਮਾਨ। ਬਾਪ ਕੋਲੋਂ ਤੁਹਾਨੂੰ ਬੇਹੱਦ ਦਾ ਵਰਸਾ ਮਿਲਦਾ ਹੈ। ਆਕਾਸ਼, ਪ੍ਰਿਥਵੀ, ਸਾਗਰ ਇਹ ਸਭ ਤੁਹਾਡਾ ਹੋ ਜਾਏਗਾ। ਇੱਥੇ ਤਾਂ ਦੇਖੋ ਆਕਾਸ਼ ਤੇ ਵੀ ਹੱਦ, ਪਾਣੀ ਤੇ ਵੀ ਹੱਦ ਲੱਗੀ ਹੈ ਨਾ। ਕਹਿੰਦੇ ਹਨ ਸਾਡੇ ਪਾਣੀ ਦੇ ਅੰਦਰ ਤੁਸੀਂ ਨਹੀਂ ਆਓ। ਤੁਸੀਂ ਹੀ ਉੱਥੇ ਸਾਰੇ ਵਿਸ਼ਵ ਤੇ ਰਾਜ ਕਰਦੇ ਹੋ ਨਾ। ਸਵਰਗ ਤੇ ਫਿਰ ਕੀ! ਸਵਰਗ ਨੂੰ ਭੁੱਲ ਨਹੀਂ ਸਕਦੇ। ਮਨੁੱਖ ਜਦੋਂ ਮਰਦੇ ਹਨ ਤਾਂ ਕਹਿੰਦੇ ਹਨ ਸਵਰਗਵਾਸੀ ਹੋਇਆ। ਪਰ ਸਵਰਗ ਹੈ ਕਿੱਥੇ? ਜਰੂਰ ਨਰਕ ਹੈ ਨਾ। ਇਹ ਹੈ ਹੀ ਹੇਲ। ਸਭ ਮਨੁੱਖ ਦੁਖੀ ਹਨ, ਸਭ ਪਤਿਤ ਹਨ। ਇਹ ਰਾਜ ਹੀ ਰਾਵਣ ਦਾ ਹੈ, ਜਿਸਨੂੰ ਸਾੜਦੇ ਰਹਿੰਦੇ ਹਨ ਪਰ ਸੜਦਾ ਹੀ ਨਹੀਂ ਹੈ। ਰਾਵਣ ਨੂੰ ਇੱਕ ਸੋ ਫੁੱਟ ਲੰਬਾ ਬਣਾਉਂਦੇ ਹਨ ਅਤੇ ਵਧਾਉਂਦੇ ਰਹਿੰਦੇ ਹਨ। ਦਿਨ - ਪ੍ਰਤੀਦਿਨ ਲੰਬਾ ਕਰਦੇ ਰਹਿੰਦੇ ਹਨ ਪਰ ਸਮਝਦੇ ਨਹੀਂ ਹਨ। ਇਹ ਸਮਝਣ ਦੀਆਂ ਗੱਲਾਂ ਹਨ।

ਇੱਥੇ ਦੇਖੋ ਮੁਰਲੀ ਚੱਲਦੀ ਹੈ ਫਿਰ ਟੇਪ ਵਿੱਚ ਭਰੀ ਜਾਂਦੀ ਹੈ ਕਿਉਂਕਿ ਗੋਪਿਕਾਵਾਂ ਮੁਰਲੀ ਬਿਗਰ ਰਹਿ ਨਾ ਸਕੇ। ਤਾਂ ਇਹ ਪ੍ਰਬੰਧ ਹੈ। ਮੁਰਲੀ ਬਿਗਰ ਤਾਂ ਤੜ੍ਹਫਦੇ ਹਨ ਕਿਉਂਕਿ ਇਹ ਮੁਰਲੀ ਹੈ ਜੀਵਨ ਨੂੰ ਹੀਰੇ ਵਰਗਾ ਬਣਾਉਣ ਵਾਲੀ। ਇੱਥੇ ਬਾਬਾ ਪੜ੍ਹਾਉਂਦੇ ਹਨ, ਜੋ ਮੁਰਲੀ ਫਿਰ ਲੰਡਨ - ਅਮੇਰਿਕਾ ਤੱਕ ਜਾਂਦੀ ਹੈ। ਬੱਚੇ ਸੁਣਕੇ ਬਹੁਤ ਖੁਸ਼ ਹੁੰਦੇ ਹਨ। ਗਾਇਆ ਹੋਇਆ ਹੈ ਗੋਪਿਕਾਵਾਂ ਮੁਰਲੀ ਬਿਗਰ ਰਹਿ ਨਹੀਂ ਸਕਦੀਆਂ ਸਨ। ਇਹ ਨਾਲੇਜ਼ ਗੋਡ ਫ਼ਾਦਰ ਹੀ ਸੁਣਾਉਂਦੇ ਹਨ। ਮੁਖ ਇੱਕ ਗੱਲ ਸਮਝਾਉਣੀ ਹੈ ਕਿ ਸਾਡਾ ਬੇਹੱਦ ਦਾ ਬਾਪ ਹੈ, ਇਨ੍ਹਾਂ ਤੋਂ ਸਵਰਗ ਦਾ ਵਰਸਾ ਮਿਲਦਾ ਹੈ। ਆਤਮਾ ਕਹਿੰਦੀ ਹੈ ਮੇਰਾ ਬਾਪ ਪਰਮਾਤਮਾ ਹੈ, ਉਹ ਆਤਮਾਵਾਂ ਨੂੰ ਪੜ੍ਹਾ ਰਹੇ ਹਨ। ਇਵੇਂ ਹੋਰ ਕੋਈ ਕਹਿ ਨਾ ਸਕੇ ਕਿ ਮੈਂ ਪਰਮਾਤਮਾ ਤੁਹਾਨੂੰ ਆਤਮਾਵਾਂ ਨੂੰ ਪੜ੍ਹਾਉਂਦਾ ਹਾਂ। ਇਵੇਂ ਵੀ ਨਹੀਂ ਕਹਿਣਗੇ ਕਿ ਮੈਂ ਪਰਮ ਆਤਮਾ ਨਾਲੇਜ਼ਫੁੱਲ ਹਾਂ। ਤੁਸੀਂ ਬੱਚਿਆਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਾਇਆ ਜਾਂਦਾ ਹੈ, ਪਰ ਸਭਦੀ ਬੁੱਧੀ ਤਾਂ ਇਕਰਸ ਨਹੀਂ ਹੁੰਦੀ ਹੈ। ਕਿਸੇ ਦੀ ਸਤੋਪ੍ਰਧਾਨ ਬੁੱਧੀ ਹੈ, ਕਿਸੇ ਦੀ ਸਤੋ, ਰਜੋ, ਤਮੋ...ਇਸ ਵਿੱਚ ਟੀਚਰ ਕੀ ਕਰਨਗੇ? ਟੀਚਰ ਕਹਿਣਗੇ ਪੜ੍ਹਾਈ ਤੇ ਪੂਰਾ ਅਟੈਂਸ਼ਨ ਨਹੀਂ ਦਿੰਦੇ ਸਨ। ਗੋਡ ਫ਼ਾਦਰ ਹੈ ਨਾਲੇਜ਼ਫੁੱਲ। ਜਿਵੇਂ ਟੀਚਰ ਨਾਲੇਜ਼ਫੁੱਲ ਹੈ, ਸਟੂਡੈਂਟ ਨੂੰ ਪੜ੍ਹਾਉਂਦੇ ਹਨ, ਆਪ ਸਮਾਨ

ਬਣਾਉਂਦੇ ਹਨ, ਉਵੇਂ ਇਸ ਸ੍ਰਿਸਟੀ ਚਕ੍ਰ ਦੀ ਨਾਲੇਜ਼ ਗੋਡ ਫ਼ਾਦਰ ਦੇ ਕੋਲ ਹੈ, ਹੋਰ ਕੋਈ ਨਹੀਂ ਜਾਣਦੇ। ਬਾਪ ਹੀ ਨਾਲੇਜ਼ ਸਿਖਾਕੇ ਨਾਲੇਜਫੁੱਲ ਬਣਾਉਂਦੇ ਹਨ। ਬਾਪ ਹੈ ਨਾਲੇਜ਼ਫੁੱਲ, ਸਭਤੋਂ ਉੱਚ ਹਨ। ਉੱਚਾ ਜਿਸਦਾ ਨਾਮ ਹੈ, ਉੱਚਾ ਜਿਸਦਾ ਠਾਂਵ ਹੈ। ਬ੍ਰਹਮਾ - ਵਿਸ਼ਨੂੰ - ਸ਼ੰਕਰ ਸੂਖਸ਼ਮਵਤਨਵਾਸੀ। ਥਰਡ ਗ੍ਰੇਡ ਵਿੱਚ ਹਨ ਮਨੁੱਖ। ਮਨੁੱਖਾਂ ਵਿੱਚ ਵੀ ਗ੍ਰੇਡ ਹਨ। ਸਤਿਯੁਗ ਵਿੱਚ ਮਨੁੱਖਾਂ ਦੀ ਗ੍ਰੇਡ ਬੜੀ ਉੱਚੀ ਰਹਿੰਦੀ ਹੈ। ਤੁਸੀਂ ਗੋਲਡਨ ਏਜ ਵਿੱਚ ਜਾਂਦੇ ਹੋ। ਆਇਰਨ ਏਜ ਖਤਮ ਹੋ ਜਾਵੇਗਾ। ਗੋਲਡਨ ਏਜ ਹੈ ਤਾਂ ਸਿਲਵਰ ਏਜ ਨਹੀਂ, ਕੌਰ ਏਜ ਹੈ ਤਾਂ ਆਇਰਨ ਏਜ ਨਹੀਂ। ਇਹ ਸਭ ਗੱਲਾਂ ਬੁੱਧੀ ਵਿੱਚ ਰੱਖਣੀਆਂ ਹਨ, ਇਸਲਈ ਚਿੱਤਰ ਬਣਵਾਏ ਹਨ। ਸਤਿਯੁਗ ਵਿੱਚ ਬਹੁਤ ਥੋੜ੍ਹੇ ਮਨੁੱਖ ਹੁੰਦੇ ਹਨ। ਕਲਿਯੁਗ ਵਿੱਚ ਤੇ ਢੇਰ ਦੇ ਢੇਰ ਮਨੁੱਖ ਹਨ। ਪੁੱਛਦੇ ਹਨ - ਬਾਬਾ, ਵਿਨਾਸ਼ ਕਦੋਂ ਹੋਵੇਗਾ? ਵਿਨਾਸ਼ ਉਦੋਂ ਹੋਵੇਗਾ ਜਦੋਂ ਨਾਟਕ ਪੂਰਾ ਹੋਵੇਗਾ, ਸਭ ਚਲੇ ਜਾਣਗੇ। ਬਾਬਾ ਹੈ ਮੁਕਤੀ ਜੀਵਨਮੁਕਤੀ ਦਾ ਗਾਇਡ। ਉਹ ਰਹਿੰਦੇ ਹਨ ਪਰਮਧਾਮ ਵਿੱਚ। ਤੁਸੀਂ ਵੀ ਉੱਥੇ ਦੇ ਰਹਿਣ ਵਾਲੇ ਹੋ, ਇੱਥੇ ਆਏ ਹੋ ਪਾਰ੍ਰ ਵਜਾਉਣ। ਬਾਪ ਕਹਿੰਦੇ ਹਨ - ਬੱਚੇ, ਤੁਹਾਨੂੰ ਮਾਇਆ ਤੇ ਜਿੱਤ ਪਾਉਣੀ ਹੈ। ਇਸ ਵਿੱਚ ਕੋਈ ਹਿੰਸਾ ਦੀ ਗੱਲ ਨਹੀਂ ਹੈ। ਸਤਿਯੁਗ ਵਿੱਚ ਹਿੰਸਾ ਹੁੰਦੀ ਨਹੀਂ। ਉੱਥੇ ਹੈ ਹੀ ਸੰਪੂਰਨ ਨਿਰਵਿਕਾਰੀ ਦੇਵੀ - ਦੇਵਤੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬੁੱਧੀ ਨਾਲ ਬੇਹੱਦ ਦਾ ਸੰਨਿਆਸ ਕਰਨਾ ਹੈ। ਪੁਰਾਣੀ ਦੇਹ ਸਹਿਤ ਜੋ ਕੁਝ ਇਹਨਾਂ ਅੱਖਾਂ ਨਾਲ ਦਿਖਾਈ ਦਿੰਦਾ ਹੈ ਉਸ ਤੋਂ ਮਮਤਵ ਨਿਕਾਲ ਬਾਪ ਅਤੇ ਸਵਰਗ ਨੂੰ ਯਾਦ ਕਰਨਾ ਹੈ।

**2.** ਪੜ੍ਹਾਈ ਨੂੰ ਚੰਗੀ ਤਰ੍ਹਾਂ ਧਾਰਨ ਕਰ ਬੁੱਧੀ ਨੂੰ ਸਤੋਪ੍ਰਧਾਨ ਬਣਾਉਣਾ ਹੈ। ਮੁਰਲੀ ਹੀ ਪੜ੍ਹਾਈ ਹੈ। ਮੁਰਲੀ ਤੇ ਬਹੁਤ - ਬਹੁਤ ਧਿਆਨ ਦੇਣਾ ਹੈ।

ਵਰਦਾਨ:- ਭਾਗ ਦੀਆਂ ਨਵੀਆਂ - ਨਵੀਆਂ ਸਿਮ੍ਰਿਤੀਆਂ ਦਵਾਰਾ ਪੁਰਸ਼ਾਰਥ ਵਿੱਚ ਰਮਨੀਕਤਾ ਦਾ ਅਨੁਭਵ ਕਰਨ ਵਾਲੇ ਦਰੁਸਤ ਭਵ

ਬ੍ਰਾਹਮਣ ਜੀਵਨ ਵਿੱਚ ਲਾਸ੍ਰ ਜਨਮ ਹੋਣ ਦੇ ਕਾਰਨ ਸ਼ਰੀਰ ਭਾਵੇਂ ਕਿੰਨਾ ਵੀ ਕਮਜ਼ੋਰ ਜਾਂ ਬਿਮਾਰ ਹੈ, ਪਰ ਮਨ ਸਭਦਾ ਦਰੁਸਤ ਹੈ। ਉਮੰਗ - ਉਤਸ਼ਾਹ ਨਾਲ ਉੱਡਣ ਵਾਲਾ ਹੈ। ਪਾਵਰਫੁੱਲ ਮਨ ਦੀ ਨਿਸ਼ਾਨੀ ਹੈ - ਸੈਕਿੰਡ ਵਿੱਚ ਜਿੱਥੇ ਚਾਹੋਂ ਉੱਥੇ ਪਹੁੰਚ ਜਾਣ। ਇਸਦੇ ਲਈ ਸਦਾ ਆਪਣੇ ਭਾਗ ਦੇ ਗੀਤ ਗਾਉਂਦੇ ਉੱਡਦੇ ਰਹੋ। ਅੰਮ੍ਰਿਤਵੇਲੇ ਤੋਂ ਭਾਗ ਦੀਆਂ ਨਵੀਆਂ -ਨਵੀਆਂ ਗੱਲਾਂ ਸਮ੍ਰਿਤੀ ਵਿੱਚ ਲਿਆਓ। ਕਦੀ ਕਿਸੇ ਪ੍ਰਾਪਤੀ ਨੂੰ ਸਾਹਮਣੇ ਰੱਖੋ, ਕਦੀ ਕਿਸੇ... ਤਾਂ ਪੁਰਸ਼ਾਰਥ ਵਿੱਚ ਰਮਨੀਕਤਾ ਆ ਜਾਏਗੀ। ਬੋਰ ਨਹੀਂ ਹੋਵੋਂਗੇ। ਨਵੀਨਤਾ ਦਾ ਅਨੁਭਵ ਕਰੋ।

ਸਲੋਗਨ:- ਅੱਗੇ ਪਿੱਛੇ ਸੋਚ ਸਮਝਕੇ ਹਰ ਕਰਮ ਕਰੋ ਤਾਂ ਸਫ਼ਲਤਾ ਪ੍ਰਾਪਤ ਹੁੰਦੀ ਰਹੇਗੀ।

******